CALIFORNIA DEPARTMENT OF HEALTH CARE SERVICES

Medi-Cal

# Medi-Cal Managed Care ਸਿਹਤ ਪਲਾਨ ਬਦਲੀ FAQ

## ਕੁਝ ਦੇਸ਼ਾਂ ਵਿੱਚ Medi-Cal ਸਿਹਤ ਪਲਾਨ ਕਿਉਂ ਬਦਲ ਰਹੇ ਹਨ?

California ਇਸਲਈ Medi-Cal ਨੂੰ ਬਦਲ ਰਿਹਾ ਹੈ, ਤਾਂ ਜੋ ਤੁਸੀਂ ਸਿਹਤਮੰਦ ਜੀਵਨ ਜਿਓਣ ਲਈ ਲੋੜੀਂਦੀ ਦੇਖਭਾਲ ਪ੍ਰਾਪਤ ਕਰ ਸਕੋ।

2024 ਵਿੱਚ, Medi-Cal ਸਿਹਤ ਪਲਾਨਾਂ ਲਈ, ਬਰਾਬਰੀ, ਕੁਆਲਿਟੀ, ਪਹੁੰਚ, ਜਵਾਬਦੇਹੀ ਅਤੇ ਪਾਰਦਰਸ਼ਿਤਾ ਲਈ ਨਵੇਂ ਨਿਯਮਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਹ ਯਕੀਨੀ ਬਣਾਏਗਾ ਕਿ ਸਾਡੇ ਸਾਰੇ ਮੈਂਬਰ ਰਾਜ ਭਰ ਵਿੱਚ ਸਾਰੀਆਂ ਸਿਹਤ ਯੋਜਨਾਵਾਂ ਤੋਂ ਸਮੇਂ ਸਿਰ, ਉੱਚ-ਗੁਣਵੱਤਾ ਦੀ ਦੇਖਭਾਲ ਤੱਕ ਪਹੁੰਚ ਪ੍ਰਾਪਤ ਕਰ ਸਕਣ।

## ਕੀ ਮੇਰੇ Medi-Cal ਸਿਹਤ ਪਲਾਨ ਵਿੱਚ ਬਦਲਾਅ ਮੇਰੀ Medi-Cal ਕਵਰੇਜ ਨੂੰ ਪ੍ਰਭਾਵਿਤ ਕਰੇਗਾ?

ਨਹੀਂ। ਭਾਵੇਂ ਤੁਹਾਡਾ Medi-Cal ਸਿਹਤ ਪਲਾਨ ਬਦਲ ਜਾਵੇ, ਤਦ ਵੀ ਤੁਹਾਡੀ Medi-Cal ਕਵਰੇਜ ਅਤੇ ਫਾਇਦੇ ਪਹਿਲਾਂ ਵਾਂਗ ਹੀ ਰਹਿਣਗੇ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰਾ Medi-Cal ਸਿਹਤ ਪਲਾਨ ਬਦਲ ਰਿਹਾ ਹੈ?

ਪਤਾ ਕਰੋ ਕਿ ਕੀ ਤੁਹਾਡਾ Medi-Cal ਸਿਹਤ ਪਲਾਨ ਬਦਲੇਗਾ।

## ਜੇਕਰ ਮੈਂ ਅਜਿਹੀ ਕਾਉਂਟੀ ਵਿੱਚ ਰਹਿੰਦਾ/ਰਹਿੰਦੀ ਹਾਂ, ਜੋ Medi-Cal ਸਿਹਤ ਪਲਾਨਾਂ ਨੂੰ ਬਦਲ ਰਹੀ ਹੈ ਤਾਂ ਮੈਨੂੰ ਕੀ ਕਰਨ ਦੀ ਲੋੜ ਹੈ?

### Medi-Cal ਸਿਹਤ ਪਲਾਨ ਬਦਲ ਰਿਹਾ ਹੈ:

ਜੇਕਰ ਤੁਹਾਡੀ ਕਾਉਂਟੀ ਵਿੱਚ Medi-Cal ਸਿਹਤ ਪਲਾਨ ਬਦਲ ਰਹੇ ਹਨ, ਤਾਂ ਤੁਹਾਨੂੰ ਨਵਾਂ Medi-Cal ਸਿਹਤ ਪਲਾਨ ਚੁਣਨਾ ਪੈ ਸਕਦਾ ਹੈ।

### ਆਪਣੇ ਆਪ ਨਾਮਾਂਕਣ:

ਕੁਝ ਕਾਉਂਟੀਆਂ ਵਿੱਚ, ਬਿਨਾਂ ਕੋਈ ਚੋਣ ਕੀਤੇ ਤੁਸੀਂ ਆਪਣੇ ਆਪ Medi-Cal ਸਿਹਤ ਪਲਾਨ ਵਿੱਚ ਨਾਮਾਂਕਿਤ ਹੋ ਜਾਓਗੇ।

ਫੋਸਟਰ ਕੇਅਰ ਬੱਚਿਆਂ ਅਤੇ ਨੌਜਵਾਨ ਮੈਂਬਰਾਂ ਦੇ ਵੇਰਵੇ

## Medi-Cal ਮੈਨੂੰ ਮੇਰੇ Medi-Cal ਸਿਹਤ ਪਲਾਨ ਵਿੱਚ ਬਦਲਾਅ ਬਾਰੇ ਕਿਵੇਂ ਦੱਸੇਗਾ?

ਇਹ ਉਸ ਕਾਉਂਟੀ ਤੇ ਨਿਰਭਰ ਕਰਦਾ ਹੈ, ਜਿਸ ਵਿੱਚ ਤੁਸੀਂ ਰਹਿੰਦੇ ਹੋ। ਕਾਉਂਟੀ ਦੇ ਮੁਤਾਬਿਕ ਜਾਣਕਾਰੀ ਲਈ ਹੇਠਾਂ ਪੜ੍ਹੋ।

### Medi-Cal ਸਿਹਤ ਪਲਾਨ ਬਦਲ ਰਿਹਾ ਹੈ:

**Medi-Cal ਸਿਹਤ ਪਲਾਨ ਚੋਣ ਕਾਉਂਟੀਆਂ (ਭੂਗੋਲਿਕ ਪ੍ਰਬੰਧਿਤ ਦੇਖਭਾਲ (Geographic Managed Care) (GMC), ਟੂ-ਪਲਾਨ ਅਤੇ ਰੀਜਨਲ ਕਾਉਂਟੀਆਂ):**

- Alpine
- Amador
- Calaveras
- El Dorado
- Fresno
- Inyo
- Kern
- Kings
- Los Angeles
- Madera
- Mono
- Riverside
- Sacramento
- San Bernardino
- San Diego

- San Francisco
- San Joaquin
- Santa Clara
- Stanislaus
- Tulare
- Tuolumne

**ਜੇਕਰ ਤੁਸੀਂ ਉੱਪਰ ਸੂਚੀਬੱਧ ਕਾਉਂਟੀਆਂ ਵਿੱਚੋਂ ਕਿਸੇ ਇੱਕ ਵਿੱਚ ਰਹਿੰਦੇ ਹੋ ਅਤੇ ਤੁਹਾਡਾ Medi-Cal ਸਿਹਤ ਪਲਾਨ ਬਦਲ ਰਿਹਾ ਹੈ, ਤਾਂ ਤੁਹਾਨੂੰ ਇੱਕ ਪੱਤਰ ਮਿਲ ਸਕਦਾ ਹੈ:**

- **ਅਕਤੂਬਰ 2023**: ਜੇਕਰ ਹੁਣ ਤੁਸੀਂ Medi-Cal ਸਿਹਤ ਪਲਾਨ ਵਿੱਚ ਹੋ, ਜੋ 2023 ਦੇ ਅਖੀਰ ਵਿੱਚ ਕਾਉਂਟੀ ਵਿੱਚ ਨਹੀਂ ਰਹੇਗਾ, ਤਾਂ ਤੁਹਾਡਾ Medi-Cal ਸਿਹਤ ਪਲਾਨ ਤੁਹਾਨੂੰ, Medi-Cal ਸਿਹਤ ਪਲਾਨ ਵਿੱਚ ਬਦਲਾਅ ਬਾਰੇ ਦੱਸਦੇ ਹੋਏ ਡਾਕ ਰਾਹੀਂ ਇੱਕ ਪੱਤਰ ਭੇਜੇਗਾ।
- **ਨਵੰਬਰ ਅਤੇ ਦਸੰਬਰ 2023**: Medi-Cal ਤੁਹਾਨੂੰ ਇਹਨਾਂ ਬਾਰੇ ਵਧੇਰੇ ਵਰਣਨਾਂ ਦੇ ਨਾਲ ਡਾਕ ਰਾਹੀਂ ਪੱਤਰ ਭੇਜੇਗਾ:
  - ਨਵਾਂ Medi-Cal ਸਿਹਤ ਪਲਾਨ ਨਾਮਾਂਕਣ
  - ਹੋਰ ਵਿਕਲਪ, ਜੋ ਤੁਹਾਡੇ ਕੋਲ ਹੋ ਸਕਦੇ ਹਨ

**ਜੇਕਰ ਤੁਹਾਨੂੰ ਇੱਕ ਨਵੇਂ Medi-Cal ਸਿਹਤ ਪਲਾਨ ਦੀ ਚੋਣ ਕਰਨੀ ਪਵੇ:**
ਤੁਹਾਨੂੰ ਆਪਣੀ ਕਾਉਂਟੀ ਵਿੱਚ ਇੱਕ ਨਵੇਂ Medi-Cal ਸਿਹਤ ਪਲਾਨ ਦੀ ਚੋਣ ਕਰਨ ਲਈ ਚੋਣ ਪੈਕੇਟ ਮਿਲੇਗਾ। ਤੁਹਾਡੇ ਲਈ **22 ਦਸੰਬਰ, 2023** ਤੱਕ ਇੱਕ ਨਵੇਂ Medi-Cal ਸਿਹਤ ਪਲਾਨ ਦੀ ਚੋਣ ਕਰਨੀ ਲਾਜ਼ਮੀ ਹੈ। ਜੇਕਰ ਤੁਸੀਂ ਚੋਣ ਨਹੀਂ ਕਰਦੇ ਹੋ, ਤਾਂ ਤੁਸੀਂ ਆਪਣੇ ਆਪ ਇੱਕ ਨਵੇਂ Medi-Cal ਸਿਹਤ ਪਲਾਨ ਵਿੱਚ ਜਾਂ Medi-Cal Fee-For-Service ਵਿੱਚ ਨਾਮਾਂਕਿਤ ਹੋ ਜਾਓਗੇ (ਉਦਾਹਰਣ ਲਈ, ਫੋਸਟਰ ਕੇਅਰ ਬੱਚੇ ਜਾਂ ਨੌਜਵਾਨ ਮੈਂਬਰ)।

  - **ਦਸੰਬਰ 2023**: ਜਦੋਂ ਤੁਸੀਂ ਇੱਕ ਨਵੇਂ Medi-Cal ਸਿਹਤ ਪਲਾਨ ਦੀ ਚੋਣ ਕਰ ਲਵੋ ਜਾਂ ਆਪਣੇ ਆਪ ਇੱਕ ਨਵੇਂ Medi-Cal ਸਿਹਤ ਪਲਾਨ ਵਿੱਚ ਨਾਮਾਂਕਿਤ ਹੋ ਜਾਓ, ਤਾਂ Medi-Cal ਤੁਹਾਨੂੰ ਡਾਕ ਰਾਹੀਂ, ਤੁਹਾਡੇ ਨਵੇਂ Medi-Cal ਸਿਹਤ ਪਲਾਨ ਬਾਰੇ ਜਾਣਕਾਰੀ ਵਾਲਾ ਪੱਤਰ ਭੇਜੇਗਾ।
  - **ਜਨਵਰੀ 2024**: ਤੁਹਾਡਾ ਨਵਾਂ Medi-Cal ਸਿਹਤ ਪਲਾਨ ਤੁਹਾਨੂੰ ਡਾਕ ਰਾਹੀਂ ਇੱਕ ਸੁਆਗਤ ਪੈਕੇਟ ਭੇਜੇਗਾ।

**ਸਿੰਗਲ-ਪਲਾਨ ਜਾਂ ਕਾਉਂਟੀ-ਸੰਚਾਲਿਤ ਹੈਲਥ ਸਿਸਟਮ (County-Organized Health System) (COHS) ਕਾਉਂਟੀਆਂ:**

- Alameda
- Butte
- Colusa
- Contra Costa
- Del Norte
- Glenn
- Humboldt
- Imperial
- Lake
- Lassen
- Marin
- Mariposa
- Mendocino
- Merced
- Modoc
- Monterey
- Napa
- Nevada
- Orange
- Placer
- Plumas
- San Benito
- San Luis Obispo
- San Mateo
- Santa Barbara
- Santa Cruz
- Shasta
- Sierra
- Siskiyou
- Solano
- Sonoma
- Sutter
- Tehama
- Trinity
- Ventura
- Yolo
- Yuba

ਜੇਕਰ ਤੁਸੀਂ ਅਜਿਹੀ ਕਾਉਂਟੀ ਵਿੱਚ ਰਹਿੰਦੇ ਹੋ, ਜੋ ਸਿੰਗਲ ਪਲਾਨ ਮਾਡਲ ਵਿੱਚ ਬਦਲ ਰਹੀ ਹੈ ਜਾਂ ਅਜਿਹੀ ਕਾਉਂਟੀ ਵਿੱਚ, ਜੋ ਕਾਉਂਟੀ-ਸੰਚਾਲਿਤ ਹੈਲਥ ਸਿਸਟਮ (COHS) ਵਿੱਚ ਬਦਲ ਰਹੀ ਹੈ, ਤਾਂ ਤੁਸੀਂ COHS ਪਲਾਨ, ਸਿੰਗਲ ਪਲਾਨ ਜਾਂ Kaiser Permanente ਵਿੱਚ **ਆਪਣੇ ਆਪ ਨਾਮਾਂਕਿਤ** ਹੋ ਜਾਓਗੇ।

- **ਅਕਤੂਬਰ 2023**: ਜੇਕਰ ਹੁਣ ਤੁਸੀਂ Medi-Cal ਸਿਹਤ ਪਲਾਨ ਵਿੱਚ ਹੋ, ਜੋ 2023 ਦੇ ਅਖੀਰ ਵਿੱਚ ਕਾਉਂਟੀ ਵਿੱਚ ਨਹੀਂ ਰਹੇਗਾ, ਤਾਂ ਤੁਹਾਡਾ Medi-Cal ਸਿਹਤ ਪਲਾਨ ਤੁਹਾਨੂੰ, Medi-Cal ਸਿਹਤ ਪਲਾਨ ਵਿੱਚ ਬਦਲਾਅ ਬਾਰੇ ਦੱਸਦੇ ਹੋਏ ਡਾਕ ਰਾਹੀਂ ਇੱਕ ਪੱਤਰ ਭੇਜੇਗਾ।
- **ਨਵੰਬਰ ਅਤੇ ਦਸੰਬਰ 2023**: Medi-Cal ਤੁਹਾਨੂੰ ਇਹਨਾਂ ਬਾਰੇ ਵਧੇਰੇ ਵਰਣਨਾਂ ਦੇ ਨਾਲ ਡਾਕ ਰਾਹੀਂ ਪੱਤਰ ਭੇਜੇਗਾ:
    - ਨਵਾਂ Medi-Cal ਸਿਹਤ ਪਲਾਨ ਨਾਮਾਂਕਣ
    - ਹੋਰ ਵਿਕਲਪ, ਜੋ ਤੁਹਾਡੇ ਕੋਲ ਹੋ ਸਕਦੇ ਹਨ
- **ਦਸੰਬਰ 2023**: Medi-Cal ਤੁਹਾਨੂੰ ਡਾਕ ਰਾਹੀਂ ਇੱਕ ਨਵੇਂ Medi-Cal ਸਿਹਤ ਪਲਾਨ ਜਾਂ Medi-Cal Fee-for-Service (FFS) ਵਿੱਚ ਤੁਹਾਡੇ ਆਪਣੇ ਆਪ ਨਾਮਾਂਕਣ ਬਾਰੇ ਜਾਣਕਾਰੀ ਵਾਲਾ ਇੱਕ ਪੱਤਰ ਭੇਜੇਗਾ (ਉਦਾਹਰਣ ਲਈ, ਸਿੰਗਲ ਪਲਾਨ ਕਾਉਂਟੀਆਂ ਵਿੱਚ ਫੋਸਟਰ ਕੇਅਰ ਬੱਚੇ ਜਾਂ ਨੌਜਵਾਨ ਮੈਂਬਰ)।
- **ਜਨਵਰੀ 2024**: ਤੁਹਾਡਾ ਨਵਾਂ Medi-Cal ਸਿਹਤ ਪਲਾਨ ਤੁਹਾਨੂੰ ਡਾਕ ਰਾਹੀਂ ਇੱਕ ਸੁਆਗਤ ਪੈਕੇਟ ਭੇਜੇਗਾ।

## ਕੀ ਮੈਂ ਆਪਣਾ ਡਾਕਟਰ ਰੱਖ ਸਕਦਾ/ਸਕਦੀ ਹਾਂ?

### ਜੇਕਰ ਤੁਹਾਡਾ ਡਾਕਟਰ ਤੁਹਾਡੇ ਨਵੇਂ Medi-Cal ਸਿਹਤ ਪਲਾਨ ਵਿੱਚ ਹੈ:

ਤੁਹਾਡੇ ਕਾਉਂਟੀ ਵਿੱਚ ਨਵੇਂ Medi-Cal ਸਿਹਤ ਪਲਾਨਾਂ ਵਿੱਚ ਤੁਹਾਡਾ ਡਾਕਟਰ ਸ਼ਾਮਲ ਹੋ ਸਕਦਾ ਹੈ। ਤੁਹਾਡੇ Medi-Cal ਸਿਹਤ ਪਲਾਨ ਦੇ ਵਿਕਲਪਾਂ ਅਤੇ Medi-Cal ਸਿਹਤ ਪਲਾਨਾਂ ਦੇ ਨਾਲ ਕੰਮ ਕਰਨ ਵਾਲੇ ਡਾਕਟਰਾਂ ਬਾਰੇ ਵਧੇਰੇ ਜਾਣਕਾਰੀ ਲਈ: **www.healthcareoptions.dhcs.ca.gov** 'ਤੇ ਜਾਓ।

### ਜੇਕਰ ਤੁਹਾਡਾ ਡਾਕਟਰ ਤੁਹਾਡੇ ਨਵੇਂ Medi-Cal ਸਿਹਤ ਪਲਾਨ ਵਿੱਚ ਨਹੀਂ ਹੈ:

- ਜੇਕਰ ਤੁਸੀਂ ਪਿਛਲੇ **12 ਮਹੀਨਿਆਂ** ਵਿੱਚ ਕਿਸੇ ਅਜਿਹੇ Medi-Cal ਡਾਕਟਰ ਕੋਲ ਗਏ ਹੋ, ਜੋ ਤੁਹਾਡੇ ਨਵੇਂ Medi-Cal ਸਿਹਤ ਪਲਾਨ ਵਿੱਚ ਨਹੀਂ ਹੈ, ਤਾਂ ਤੁਸੀਂ ਆਪਣੇ ਡਾਕਟਰ ਨੂੰ ਰੱਖਣ ਦੇ ਯੋਗ ਹੋ ਸਕਦੇ ਹੋ, ਜੇਕਰ ਤੁਸੀਂ ਆਪਣੇ ਨਵੇਂ Medi-Cal ਸਿਹਤ ਪਲਾਨ ਤੋਂ ਦੇਖਭਾਲ ਦੀ ਨਿਰੰਤਰਤਾ (continuity of care) ਦੀ ਮੰਗ ਕਰਦੇ ਹੋ।
- ਦੇਖਭਾਲ ਦੀ ਨਿਰੰਤਰਤਾ ਦਾ ਮਤਲਬ ਹੈ ਕਿ ਤੁਸੀਂ ਨਵੇਂ Medi-Cal ਸਿਹਤ ਪਲਾਨ ਵਿੱਚ ਆਪਣੇ ਨਾਮਾਂਕਣ ਤੋਂ ਬਾਅਦ 12 ਮਹੀਨਿਆਂ ਤੱਕ ਆਪਣੇ Medi-Cal ਪ੍ਰਦਾਤਾ ਨੂੰ ਰੱਖਣ ਯੋਗ ਹੋ ਸਕਦੇ ਹੋ। ਇਸ ਵਿੱਚ ਸ਼ਾਮਲ ਹਨ, ਤੁਹਾਡਾ ਪ੍ਰਾਈਮਰੀ ਦੇਖਭਾਲ ਡਾਕਟਰ (primary care doctor) (PCP), ਮਾਹਰ, ਭੌਤਿਕ ਅਤੇ ਵਿਵਸਾਇਕ ਥੈਰੇਪਿਸਟ ਆਦਿ।
- ਤੁਹਾਡਾ ਡਾਕਟਰ ਤੁਹਾਡੇ ਨਵੇਂ Medi-Cal ਸਿਹਤ ਪਲਾਨ ਨਾਲ ਕੰਮ ਕਰਨ ਲਈ ਸਹਿਮਤ ਹੋ ਸਕਦਾ ਹੈ। ਇਹ 12 ਮਹੀਨਿਆਂ ਤੱਕ, ਜਾਂ ਕੁਝ ਮਾਮਲਿਆਂ ਵਿੱਚ, ਵੱਧ ਚੱਲ ਸਕਦਾ ਹੈ।
- ਦੇਖਭਾਲ ਦੀ ਨਿਰੰਤਰਤਾ ਤੁਹਾਡੀ ਸਿਹਤ ਅਤੇ ਤੰਦਰੁਸਤੀ ਲਈ ਮਹੱਤਵਪੂਰਨ ਹੈ। (ਵਾਧੂ ਜਾਣਕਾਰੀ ਦਾ ਨੋਟਿਸ)
- ਜੇਕਰ ਤੁਸੀਂ ਦੇਖਭਾਲ ਦੀ ਨਿਰੰਤਰਤਾ ਚਾਹੁੰਦੇ ਹੋ, ਤਾਂ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ।
- ਤੁਹਾਡੇ Medi-Cal ਸਿਹਤ ਪਲਾਨ ਦੇ ਵਿਕਲਪਾਂ ਅਤੇ Medi-Cal ਸਿਹਤ ਪਲਾਨਾਂ ਦੇ ਨਾਲ ਕੰਮ ਕਰਨ ਵਾਲੇ ਡਾਕਟਰਾਂ ਬਾਰੇ ਵਧੇਰੇ ਜਾਣਕਾਰੀ ਲਈ: **www.healthcareoptions.dhcs.ca.gov** 'ਤੇ ਜਾਓ।

### ਜੇਕਰ ਤੁਹਾਨੂੰ ਨਵੇਂ ਡਾਕਟਰ ਦੀ ਲੋੜ ਹੈ:

ਜੇਕਰ ਤੁਹਾਡਾ ਡਾਕਟਰ ਤੁਹਾਡੇ ਨਵੇਂ Medi-Cal ਸਿਹਤ ਪਲਾਨ ਨਾਲ ਕੰਮ ਕਰਨ ਲਈ ਸਹਿਮਤ ਨਹੀਂ ਹੁੰਦਾ ਹੈ, ਤਾਂ ਤੁਹਾਡਾ ਨਵਾਂ Medi-Cal ਸਿਹਤ ਪਲਾਨ ਨਵਾਂ ਡਾਕਟਰ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।

### ਜੇਕਰ ਮੇਰਾ Medi-Cal ਸਿਹਤ ਪਲਾਨ ਬਦਲ ਰਿਹਾ ਹੈ, ਤਾਂ ਕੀ ਮੈਂ ਤਦ ਵੀ ਵਿਸਤ੍ਰਿਤ ਦੇਖਭਾਲ ਪ੍ਰਬੰਧਨ (Enhanced Care Management) (ECM) ਅਤੇ ਕਮਿਊਨਿਟੀ ਸਹਾਇਤਾ ਵਿੱਚ ਅਕਤੂਬਰ 2023 ਅਤੇ ਦਸੰਬਰ 31, 2023 ਦੇ ਵਿਚਕਾਰ ਹੋ ਸਕਦਾ/ਸਕਦੀ ਹਾਂ?

ਹਾਂ। ਜੋ ਮੈਂਬਰ ਹੁਣ Medi-Cal ਸਿਹਤ ਪਲਾਨ ਵਿੱਚ ਹਨ, ਉਹ 31 ਦਸੰਬਰ, 2023 ਤੱਕ ਉਸ Medi-Cal ਸਿਹਤ ਪਲਾਨ ਵਿੱਚ ECM ਅਤੇ ਕਮਿਊਨਿਟੀ ਸਹਾਇਤਾ ਵਿੱਚ ਰਹਿ ਸਕਦੇ ਹਨ।

### ਜੇਕਰ ਮੈਂ Medi-Cal ਵਿੱਚ ਨਵਾਂ ਹਾਂ, ਤਾਂ ਕੀ ਮੈਂ ਤਦ ਵੀ ਵਿਸਤ੍ਰਿਤ ਦੇਖਭਾਲ ਪ੍ਰਬੰਧਨ (ECM) ਅਤੇ ਕਮਿਊਨਿਟੀ ਸਹਾਇਤਾ ਵਿੱਚ ਅਕਤੂਬਰ 2023 ਅਤੇ ਦਸੰਬਰ 31, 2023 ਦੇ ਵਿਚਕਾਰ ਹੋ ਸਕਦਾ/ਸਕਦੀ ਹਾਂ?

ਇਹ ਨਿਰਭਰ ਕਰਦਾ ਹੈ। ਸਿਰਫ Medi-Cal ਸਿਹਤ ਪਲਾਨ ਹੀ ECM ਅਤੇ ਕਮਿਊਨਿਟੀ ਸਹਾਇਤਾ ਪੇਸ਼ ਕਰਦੇ ਹਨ। ਉਹ ਹੁਣ Medi-Cal Fee-For-Service (FFS) ਵਿੱਚ ਉਪਲਬਧ ਨਹੀਂ ਹਨ। ਜੇਕਰ ਤੁਸੀਂ ਹੁਣ ਆਪਣੀ ਕਾਉਂਟੀ ਵਿੱਚ ਕਿਸੇ Medi-Cal ਸਿਹਤ ਪਲਾਨ ਨਾਲ ਜੁੜਦੇ ਹੋ, ਤਾਂ ਤੁਹਾਨੂੰ ਅਗਲੇ ਮਹੀਨੇ ਦੇ ਪਹਿਲੇ ਦਿਨ ਨਾਮਾਂਕਿਤ ਕੀਤਾ ਜਾਵੇਗਾ। ਤੁਸੀਂ ਆਪਣੀ ਨਾਮਾਂਕਣ ਤਾਰੀਖ ਦੇ ਬਾਅਦ ECM ਅਤੇ ਕਮਿਊਨਿਟੀ ਸਹਾਇਤਾ ਤੱਕ ਪਹੁੰਚ ਸਕਦੇ ਹੋ।

ਜੇਕਰ ਤੁਸੀਂ ਅਜਿਹੇ Medi-Cal ਸਿਹਤ ਪਲਾਨ ਨਾਲ ਜੁੜਦੇ ਹੋ, ਜੋ 1 ਜਨਵਰੀ, 2024 ਤੋਂ ਸ਼ੁਰੂ ਕਰਦੇ ਹੋਏ ਤੁਹਾਡੀ ਕਾਉਂਟੀ ਵਿੱਚ ਨਵਾਂ ਹੈ, ਤਾਂ ਤੁਸੀਂ Medi-Cal FFS ਵਿੱਚ ਰਹੋਗੇ, ਜਦੋਂ ਤੱਕ 1 ਜਨਵਰੀ, 2024 ਨੂੰ ਤੁਹਾਡਾ ਨਵਾਂ Medi-Cal ਸਿਹਤ ਪਲਾਨ ਸ਼ੁਰੂ ਨਹੀਂ ਹੋ ਜਾਂਦਾ। ਤੁਹਾਨੂੰ ਆਪਣੇ ਨਵੇਂ Medi-Cal ਸਿਹਤ ਪਲਾਨ ਦੇ ਸ਼ੁਰੂ ਹੋਣ ਦੀ ਤਾਰੀਖ ਤੋਂ ਬਾਅਦ ECM ਅਤੇ ਕਮਿਊਨਿਟੀ ਸਹਾਇਤਾ ਨਹੀਂ ਮਿਲੇਗੀ।

ਮੌਜੂਦਾ Medi-Cal ਸਿਹਤ ਪਲਾਨਾਂ ਅਤੇ ਨਵੇਂ Medi-Cal ਸਿਹਤ ਪਲਾਨਾਂ ਬਾਰੇ ਵਧੇਰੇ ਜਾਣਕਾਰੀ ਲਈ, ਜੋ 1 ਜਨਵਰੀ, 2024 ਨੂੰ ਸ਼ੁਰੂ ਹੋ ਰਹੇ ਹਨ, ਕਾਉਂਟੀ ਦੇ ਮੁਤਾਬਕ Medi-Cal ਸਿਹਤ ਪਲਾਨਾਂ ਦੀ ਸੂਚੀ ਪੜ੍ਹੋ।

### ਫੋਸਟਰ ਕੇਅਰ ਬੱਚਿਆਂ ਅਤੇ ਨੌਜਵਾਨਾਂ ਲਈ ਕੀ ਬਦਲੇਗਾ?

### ਜੇ ਤੁਸੀਂ ਇਹਨਾਂ ਕਾਉਂਟੀਆਂ ਵਿੱਚੋਂ ਕਿਸੇ ਇੱਕ ਵਿੱਚ ਰਹਿੰਦੇ ਹੋ:

- Butte
- Colusa
- Glenn
- Mariposa
- Nevada
- Placer
- Plumas
- San Benito
- Sierra
- Sutter
- Tehama
- Yuba

  - ਤੁਹਾਡੀ ਕਾਉਂਟੀ ਇੱਕ ਕਾਉਂਟੀ-ਸੰਚਾਲਿਤ ਹੈਲਥ ਸਿਸਟਮ (COHS) ਮਾਡਲ ਵਿੱਚ ਬਦਲ ਰਹੀ ਹੈ।
  - ਤੁਹਾਡੇ ਲਈ ਆਪਣੀ ਕਾਉਂਟੀ ਵਿਚਲੇ Medi-Cal ਸਿਹਤ ਪਲਾਨ ਵਿੱਚ ਨਾਮਾਂਕਣ ਕਰਵਾਉਣਾ ਲਾਜ਼ਮੀ ਹੈ।
  - ਤੁਹਾਨੂੰ ਇਸ ਬਦਲਾਅ ਬਾਰੇ ਦੱਸਣ ਲਈ ਨਵੰਬਰ ਅਤੇ ਦਸੰਬਰ ਵਿੱਚ Medi-Cal ਤੋਂ ਪੱਤਰ ਮਿਲਣਗੇ।
  - ਜਨਵਰੀ ਵਿੱਚ, ਤੁਹਾਨੂੰ ਆਪਣੇ ਨਵੇਂ Medi-Cal ਸਿਹਤ ਪਲਾਨ ਤੋਂ ਇੱਕ ਸੁਆਗਤ ਪੈਕੇਟ ਮਿਲੇਗਾ।
  - ਇਹ ਪ੍ਰਾਈਮਰੀ ਦੇਖਭਾਲ ਪ੍ਰਦਾਤਾ (PCP) ਦੀ ਚੋਣ ਕਰਨ ਲਈ ਮਹੱਤਵਪੂਰਨ ਹੈ। ਤੁਹਾਡਾ ਨਵਾਂ Medi-Cal ਸਿਹਤ ਪਲਾਨ ਇਹ ਚੁਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

- ਜੇਕਰ ਹੁਣ ਤੁਹਾਡੇ ਕੋਲ PCP ਹੈ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਆਪਣੇ ਨਵੇਂ Medi-Cal ਸਿਹਤ ਪਲਾਨ ਨੂੰ ਫੋਨ ਕਰਨਾ ਚਾਹੀਦਾ ਹੈ ਕਿ ਤੁਹਾਡਾ ਡਾਕਟਰ ਤੁਹਾਡੇ ਨਵੇਂ Medi-Cal ਸਿਹਤ ਪਲਾਨ ਨਾਲ ਕੰਮ ਕਰਦਾ ਹੈ।

### ਜੇ ਤੁਸੀਂ ਇਹਨਾਂ ਕਾਉਂਟੀਆਂ ਵਿੱਚੋਂ ਕਿਸੇ ਇੱਕ ਵਿੱਚ ਰਹਿੰਦੇ ਹੋ:

- Alpine
- El Dorado
  - ਤੁਹਾਡੀ ਕਾਉਂਟੀ ਟੂ-ਪਲਾਨ ਮਾਡਲ ਵਿੱਚ ਬਦਲ ਰਹੀ ਹੈ।
  - ਜੇਕਰ ਤੁਸੀਂ ਹੁਣ Fee-For-Service (FFS) Medi-Cal ਵਿੱਚ ਹੋ, ਤਾਂ ਤੁਹਾਨੂੰ 2023 ਦੇ ਅਖੀਰ ਵਿੱਚ ਪੱਤਰ **ਨਹੀਂ** ਮਿਲੇਗਾ। Medi-Cal ਸਿਹਤ ਪਲਾਨ ਵਿੱਚ ਰਹਿਣਾ ਅਜੇ ਵੀ ਤੁਹਾਡੀ ਆਪਣੀ ਮਰਜ਼ੀ ਹੈ।
  - ਜੇਕਰ ਤੁਸੀਂ ਹੁਣ ਕਿਸੇ Medi-Cal ਸਿਹਤ ਪਲਾਨ ਵਿੱਚ ਆਪਣੀ ਮਰਜ਼ੀ ਨਾਲ ਮੈਂਬਰ ਹੋ, ਜੋ 1 ਜਨਵਰੀ, 2024 ਤੋਂ ਸ਼ੁਰੂ ਕਰਦੇ ਹੋਏ ਕਾਉਂਟੀ ਵਿੱਚ ਨਹੀਂ ਰਹੇਗਾ, ਤਾਂ ਤੁਹਾਨੂੰ ਅਕਤੂਬਰ ਵਿੱਚ Medi-Cal ਸਿਹਤ ਪਲਾਨ ਵੱਲੋਂ ਇੱਕ ਪੱਤਰ ਮਿਲੇਗਾ। ਇਹ ਤੁਹਾਨੂੰ ਦੱਸੇਗਾ ਕਿ ਉਹ ਜਨਵਰੀ ਤੋਂ ਸ਼ੁਰੂ ਕਰਦੇ ਹੋਏ ਤੁਹਾਡੇ Medi-Cal ਸਿਹਤ ਪਲਾਨ ਵਿੱਚ ਨਹੀਂ ਰਹਿਣਗੇ।
  - ਤੁਹਾਨੂੰ ਇਸ ਬਦਲਾਅ ਬਾਰੇ ਦੱਸਣ ਲਈ ਨਵੰਬਰ ਅਤੇ ਦਸੰਬਰ ਵਿੱਚ ਵੀ Medi-Cal ਤੋਂ ਪੱਤਰ ਮਿਲਣਗੇ।
  - ਤੁਹਾਨੂੰ ਆਪਣੀ ਕਾਉਂਟੀ ਵਿੱਚ Medi-Cal ਸਿਹਤ ਪਲਾਨ ਦੀ ਚੋਣ ਕਰਨ ਲਈ Medi-Cal ਤੋਂ ਇੱਕ ਵਾਲੰਟਰੀ ਨਾਮਾਂਕਣ ਪੈਕੇਟ ਮਿਲੇਗਾ, ਜੇਕਰ ਤੁਸੀਂ Medi-Cal ਸਿਹਤ ਪਲਾਨ ਵਿੱਚ ਰਹਿਣਾ ਚਾਹੁੰਦੇ ਹੋ।
  - ਜੇਕਰ ਤੁਸੀਂ ਕਿਸੇ Medi-Cal ਸਿਹਤ ਪਲਾਨ ਦੀ ਚੋਣ ਨਹੀਂ ਕਰਦੇ, ਤਾਂ ਤੁਸੀਂ 1 ਜਨਵਰੀ, 2024 ਤੋਂ ਸ਼ੁਰੂ ਕਰਦੇ ਹੋਏ FFS Medi-Cal ਵਿੱਚ ਜਾਓਗੇ।

### ਜੇ ਤੁਸੀਂ ਇਹਨਾਂ ਕਾਉਂਟੀਆਂ ਵਿੱਚੋਂ ਕਿਸੇ ਇੱਕ ਵਿੱਚ ਰਹਿੰਦੇ ਹੋ:

- Alameda
- Contra Costa
- Imperial
  - ਤੁਹਾਡੀ ਕਾਉਂਟੀ ਸਿੰਗਲ-ਪਲਾਨ ਮਾਡਲ ਵਿੱਚ ਬਦਲ ਰਹੀ ਹੈ।
  - ਜੇਕਰ ਤੁਸੀਂ ਹੁਣ Fee-For-Service (FFS) Medi-Cal ਵਿੱਚ ਹੋ, ਤਾਂ ਤੁਹਾਨੂੰ 2023 ਦੇ ਅਖੀਰ ਵਿੱਚ ਪੱਤਰ **ਨਹੀਂ** ਮਿਲੇਗਾ। Medi-Cal ਸਿਹਤ ਪਲਾਨ ਵਿੱਚ ਰਹਿਣਾ ਅਜੇ ਵੀ ਤੁਹਾਡੀ ਆਪਣੀ ਮਰਜ਼ੀ ਹੈ।
  - ਜੇਕਰ ਤੁਸੀਂ ਹੁਣ ਕਿਸੇ Medi-Cal ਸਿਹਤ ਪਲਾਨ ਵਿੱਚ ਆਪਣੀ ਮਰਜ਼ੀ ਨਾਲ ਮੈਂਬਰ ਹੋ, ਜੋ 1 ਜਨਵਰੀ, 2024 ਨੂੰ ਕਾਉਂਟੀ ਵਿੱਚ ਉਪਲਬਧ ਨਹੀਂ ਹੋਵੇਗਾ, ਤਾਂ ਤੁਹਾਨੂੰ ਅਕਤੂਬਰ ਵਿੱਚ Medi-Cal ਸਿਹਤ ਪਲਾਨ ਵੱਲੋਂ ਇੱਕ ਪੱਤਰ ਮਿਲੇਗਾ। ਇਹ ਤੁਹਾਨੂੰ ਦੱਸੇਗਾ ਕਿ ਉਹ ਜਨਵਰੀ ਤੋਂ ਸ਼ੁਰੂ ਕਰਦੇ ਹੋਏ ਤੁਹਾਡੇ Medi-Cal ਸਿਹਤ ਪਲਾਨ ਵਿੱਚ ਨਹੀਂ ਰਹਿਣਗੇ।
  - ਤੁਹਾਨੂੰ ਇਸ ਬਦਲਾਅ ਬਾਰੇ ਦੱਸਣ ਲਈ ਨਵੰਬਰ ਅਤੇ ਦਸੰਬਰ ਵਿੱਚ ਵੀ Medi-Cal ਤੋਂ ਪੱਤਰ ਮਿਲਣਗੇ।
  - ਨਵੇਂ Medi-Cal ਸਿਹਤ ਪਲਾਨ ਨਾਲ ਜੁੜਨ ਲਈ, Medi-Cal Health Care Options (HCO) ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) ਤੇ ਫੋਨ ਕਰੋ। ਜਾਂ **www.healthcareoptions.dhcs.ca.gov** 'ਤੇ ਜਾਓ।

- ਜੇਕਰ ਤੁਸੀਂ ਕਿਸੇ Medi-Cal ਸਿਹਤ ਪਲਾਨ ਦੀ ਚੋਣ ਨਹੀਂ ਕਰਦੇ, ਤਾਂ ਤੁਸੀਂ FFS Medi-Cal ਵਿੱਚ ਰਹੋਗੇ। ਸਿੰਗਲ-ਪਲਾਨ ਕਾਉਂਟੀ ਵਿੱਚ ਫੋਸਟਰ ਕੇਅਰ ਬੱਚੇ ਅਤੇ ਨੌਜਵਾਨ ਮੈਂਬਰਾਂ ਨੂੰ 2025 ਤੱਕ Medi-Cal ਸਿਹਤ ਪਲਾਨ ਵਿੱਚ ਨਾਮਾਂਕਣ ਕਰਵਾਉਣ ਦੀ ਲੋੜ ਨਹੀਂ ਹੈ।

### ਕੀ ਮੇਰਾ Medicare ਬਦਲ ਜਾਵੇਗਾ, ਜੇਕਰ ਮੇਰੇ ਕੋਲ Medi-Cal ਅਤੇ Medicare (ਦੂਹਰੀ ਪਾਤਰਤਾ) ਦੋਵੇਂ ਹਨ?

ਨਹੀਂ, ਜਦੋਂ ਤੁਹਾਡਾ Medi-Cal ਸਿਹਤ ਪਲਾਨ ਬਦਲਦਾ ਹੈ ਤਾਂ ਤੁਹਾਡੇ Medicare ਲਾਭ ਅਤੇ ਪ੍ਰਦਾਤਾ **ਨਹੀਂ** ਬਦਲਣਗੇ।

ਤੁਹਾਡੇ Medicare ਪ੍ਰਦਾਤਾ:

- ਤੁਹਾਡੀ ਦੇਖਭਾਲ ਜਾਰੀ ਰੱਖਣ ਲਈ ਤੁਹਾਡੇ Medi-Cal ਸਿਹਤ ਪਲਾਨ ਨੈੱਟਵਰਕ ਵਿੱਚ ਹੋਣ ਦੀ ਲੋੜ ਨਹੀਂ ਹੈ; ਹਾਲਾਂਕਿ, ਉਹਨਾਂ ਲਈ ਨਾਮਾਂਕਿਤ Medi-Cal ਪ੍ਰਦਾਤਾ ਹੋਣਾ ਜ਼ਰੂਰੀ ਨਹੀਂ ਹੈ।
- ਜੇਕਰ ਤੁਹਾਡੇ ਕੋਲ Medi-Cal ਹੈ ਤਾਂ ਤੁਹਾਡੇ ਤੋਂ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਆਂ ਦਾ ਖਰਚਾ ਨਹੀਂ ਲਿਆ ਜਾ ਸਕਦਾ।
- ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਆਂ ਲਈ ਤੁਹਾਡੇ Medi-Cal ਸਿਹਤ ਪਲਾਨ ਨੂੰ ਬਿਲ ਦੇਣਾ ਚਾਹੀਦਾ ਹੈ, ਭਾਵੇਂ ਉਹ Medi-Cal ਨੈੱਟਵਰਕ ਵਿੱਚ ਨਹੀਂ ਹਨ।

ਜੇਕਰ ਆਪਣੇ Medicare, ਜਾਂ Medicare Advantage ਪਲਾਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ 1-800-MEDICARE ਤੇ ਜਾਂ, ਆਪਣੇ Medicare Advantage ਪਲਾਨ ਮੈਂਬਰ ਕਾਰਡ ਤੇ ਦਿੱਤੇ ਨੰਬਰ ਤੇ ਫੋਨ ਕਰੋ। ਹੋਰ ਜਾਣੋ।

### ਕੀ PACE ਅਤੇ SCAN ਸਿਹਤ ਪਲਾਨ ਬਦਲ ਜਾਣਗੇ, ਜੇਕਰ ਮੇਰਾ Medi-Cal ਸਿਹਤ ਪਲਾਨ ਬਦਲਦਾ ਹੈ?

ਨਹੀਂ। ਇਹ ਪਲਾਨ ਨਹੀਂ ਬਦਲਣਗੇ:

Program of All-Inclusive Care for the Elderly (PACE)

Senior Care Action Network (SCAN)

ਤੁਸੀਂ ਵਧੇਰੇ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ:

ਇੱਕ PACE ਜਾਂ SCAN ਸਿਹਤ ਪਲਾਨ ਵਿੱਚ ਨਾਮਾਂਕਣ ਕਿਵੇਂ ਕੀਤਾ ਜਾਵੇ

### ਇਸ ਬਦਲਾਅ ਦੇ ਦੌਰਾਨ American Indian ਅਤੇ Alaska Native ਮੈਂਬਰਾਂ ਲਈ ਕੀ ਬਚਾਅ ਹਨ?

#### ਜੇਕਰ ਤੁਹਾਡੇ ਕੋਲ Indian ਸਿਹਤ ਦੇਖਭਾਲ ਪ੍ਰਦਾਤਾ ਹੈ:

American Indian/Alaska Native (AI/AN) ਮੈਂਬਰ ਕਦੇ ਵੀ ਕਿਸੇ ਭਾਰਤੀ ਸਿਹਤ ਦੇਖਭਾਲ (Indian Health Care) ਪ੍ਰਦਾਤਾ ਤੋਂ ਸਿਹਤ ਦੇਖਭਾਲ ਸੇਵਾਵਾਂ ਲੈ ਸਕਦੇ ਹਨ।

ਮਦਦ ਲਈ, ਸੰਪਰਕ ਕਰੋ:

- ਮੈਂਬਰ ਦਾ Medi-Cal ਸਿਹਤ ਪਲਾਨ, **ਜਾਂ**
- Medi-Cal Ombudsman
  - **ਫੋਨ:** 1-888-452-8609 (ਕਾਲ ਮੁਫ਼ਤ ਹੈ)
  - **TTY:** 711, California State Relay ਲਈ
  - **ਈਮੇਲ:** MMCDOmbudsmanOffice@dhcs.ca.gov

### ਜੇ ਤੁਹਾਡੇ ਕੋਲ ਕੋਈ ਗੈਰ-ਭਾਰਤੀ (Non-Indian) ਸਿਹਤ ਦੇਖਭਾਲ ਪ੍ਰਦਾਤਾ ਹੈ ਤਾਂ:

AI/AN ਮੈਂਬਰ, ਜੋ ਉਸ ਪ੍ਰਦਾਤਾ ਤੋਂ ਦੇਖਭਾਲ ਪ੍ਰਾਪਤ ਕਰ ਸਕਦੇ ਹਨ, ਜੋ Indian Health Care Provider (IHCP) ਨਹੀਂ ਹੈ, ਉਹ ਉਸੇ ਪ੍ਰਦਾਤਾ ਨੂੰ ਰੱਖਣ ਦੇ ਯੋਗ ਹੋ ਸਕਦੇ ਹਨ, ਜੇਕਰ ਉਹ ਦੇਖਭਾਲ ਦੀ ਨਿਰੰਤਰਤਾ ਪ੍ਰਾਪਤ ਕਰਦੇ ਹਨ।

ਜੇਕਰ ਤੁਹਾਨੂੰ ਦੇਖਭਾਲ ਦੀ ਨਿਰੰਤਰਤਾ ਵਿੱਚ ਮਦਦ ਦੀ ਲੋੜ ਹੈ ਤਾਂ ਆਪਣੇ Medi-Cal ਸਿਹਤ ਪਲਾਨ ਨੂੰ ਸੰਪਰਕ ਕਰੋ।

### ਪ੍ਰਬੰਧਿਤ ਦੇਖਭਾਲ ਦੀ ਚੋਣ ਨਾ ਕਰਨਾ:

- AI/AN ਮੈਂਬਰ ਕੁਝ ਕਾਉਂਟੀਆਂ ਵਿੱਚ ਪ੍ਰਬੰਧਿਤ ਦੇਖਭਾਲ ਦੀ ਚੋਣ ਨਾ ਕਰਨ ਦਾ ਫੈਸਲਾ ਲੈ ਸਕਦੇ ਹਨ।
- ਉਹਨਾਂ ਕਾਉਂਟੀਆਂ ਲਈ, ਜਿੱਥੇ ਮੈਂਬਰ ਚੋਣ ਨਾ ਕਰਨ ਦਾ ਫੈਸਲਾ ਕਰ ਸਕਦਾ ਹੈ, ਮੈਂਬਰ ਕੋਲ ਤਦ ਵੀ ਇੱਕ IHCP ਵੱਲੋਂ ਇਲਾਜ ਦਾ ਅਧਿਕਾਰ ਹੁੰਦਾ ਹੈ, ਭਾਵੇਂ ਉਹ Medi-Cal ਸਿਹਤ ਪਲਾਨ ਦੇ ਨਾਲ ਨਾ ਹੋਵੇ।
- ਹੋਰ ਜਾਣਨ ਲਈ:
  - ਵਾਧੂ ਜਾਣਕਾਰੀ ਦਾ ਨੋਟਿਸ ਪੜ੍ਹੋ ਵਾਧੂ ਜਾਣਕਾਰੀ ਦਾ ਨੋਟਿਸ
  - Health Care Options ਨੂੰ ਸੰਪਰਕ ਕਰੋ
    - **ਫੋਨ:** 1-833-387-7723
    - **ਵੈੱਬਸਾਈਟ**: **www.healthcareoptions.dhcs.ca.gov**

### ਮੈਨੂੰ ਕੀ ਕਰਨ ਦੀ ਲੋੜ ਹੈ ਜੇਕਰ ਮੈਨੂੰ ਮੇਰੀ Medi-Cal ਸਿਹਤ ਪਲਾਨ ਬਦਲ ਰਹੀ ਹੈ ਨੂੰ ਦਰਸਾਉਣ ਵਾਲੀ ਚਿੱਠੀ ਤੋਂ ਇਲਾਵਾ ਇੱਕ Medi-Cal ਨਵਿਆਉਣ ਵਾਲੇ ਫਾਰਮ ਦੇ ਨਾਲ ਇੱਕ ਪੀਲਾ ਲਿਫ਼ਾਫ਼ਾ ਭੇਜਿਆ ਗਿਆ ਹੈ?

ਸਭ ਤੋਂ ਪਹਿਲਾਂ ਆਪਣਾ Medi-Cal ਨਵਿਆਉਣਾ ਪੂਰਾ ਕਰੋ। ਜੇਕਰ ਤੁਸੀਂ ਆਪਣੇ Medi-Cal ਨਵਿਆਉਣ ਫਾਰਮ ਤੇ ਛਪੀ ਨਿਯਤ ਤਾਰੀਖ ਤੱਕ ਆਪਣਾ ਨਵਿਆਉਣ ਪੂਰਾ ਨਹੀਂ ਕਰਦੇ, ਤਾਂ ਤੁਸੀਂ ਆਪਣੀ Medi-Cal ਕਵਰੇਜ ਗੁਆ ਸਕਦੇ ਹੋ। ਇਸ ਬਾਰੇ ਜਾਣਕਾਰੀ ਲਈ ਕਿ ਤੁਹਾਡਾ Medi-Cal ਨਵਿਆਉਣ ਕਿਵੇਂ ਪੂਰਾ ਕਰਨਾ ਹੈ, ਕਿਰਪਾ ਕਰਕੇ "ਆਪਣਾ Medi-Cal ਰੱਖੋ" ਵੈੱਬਪੇਜ 'ਤੇ ਜਾਓ।

ਆਪਣਾ Medi-Cal ਨਵਿਆਉਣ ਫਾਰਮ ਪੂਰਾ ਕਰਨ ਤੋਂ ਬਾਅਦ, ਕਿਰਪਾ ਕਰਕੇ Medi-Cal ਸਿਹਤ ਪਲਾਨਾਂ ਵਿੱਚ ਆਪਣੇ ਬਦਲਾਅ ਬਾਰੇ Medi-Cal ਪੱਤਰ ਦੀ ਸਮੀਖਿਆ ਕਰੋ। ਜਿਵੇਂ ਕਿ ਉੱਪਰ FAQ ("Medi-Cal ਮੈਨੂੰ ਮੇਰੇ Medi-Cal ਸਿਹਤ ਪਲਾਨ ਵਿੱਚ ਬਦਲਾਅ ਬਾਰੇ ਕਿਵੇਂ ਦੱਸੇਗਾ?" ਨੂੰ ਦੇਖੋ), Medi-Cal ਸਦੱਸ ਜਾਂ ਤਾਂ ਇੱਕ ਨਵੀਂ Medi-Cal ਸਿਹਤ ਪਲਾਨ ਵਿੱਚ ਸਵੈਚਲਿਤ ਤੌਰ 'ਤੇ ਦਾਖਲ ਹੋ ਜਾਣਗੇ ਜਾਂ ਤੁਹਾਡੀ ਰਿਹਾਇਸ਼ ਦੀ ਕਾਉਂਟੀ ਦੇ ਆਧਾਰ 'ਤੇ ਇੱਕ ਨਵੀਂ Medi-Cal ਸਿਹਤ ਯੋਜਨਾ ਦੀ ਸਰਗਰਮ ਚੋਣ ਕਰਨਗੇ। ਜੇਕਰ ਤੁਸੀਂ ਆਪਣਾ Medi-Cal ਕਵਰੇਜ ਰੱਖਦੇ ਹੋ, ਤਾਂ ਤੁਸੀਂ ਇੱਕ ਨਵੀਂ Medi-Cal ਸਿਹਤ ਪਲਾਨ ਵਿੱਚ ਦਾਖਲ ਹੋਵੋਗੇ ਭਾਵੇਂ ਤੁਸੀਂ ਆਪਣੇ *My Medi-Cal Choice* ਪੈਕੇਟ ਵਿੱਚ 1 ਜਨਵਰੀ 2024 ਦੇ ਨਾਮਾਂਕਣ ਲਈ ਸੂਚੀਬੱਧ ਮਿਤੀ ਤੱਕ ਸਰਗਰਮੀ ਨਾਲ ਕੋਈ ਯੋਜਨਾ ਨਹੀਂ ਚੁਣਦੇ ਹੋ।

Medi-Cal ਉਹਨਾਂ ਵਿਅਕਤੀਆਂ ਨੂੰ Medi-Cal ਸਿਹਤ ਪਲਾਨਾਂ ਵਿੱਚ ਬਦਲਾਵਾਂ ਦੇ ਸਬੰਧ ਵਿੱਚ ਪੱਤਰ ਭੇਜ ਰਿਹਾ ਹੈ, ਜੋ ਉਸ ਭੇਜਣ ਦੇ ਸਮੇਂ (ਨਵੰਬਰ ਅਤੇ ਦਸੰਬਰ 2023 ਵਿੱਚ) ਨਾਮਾਂਕਿਤ ਹਨ ਅਤੇ Medi-Cal ਲਈ ਯੋਗ ਹਨ। ਜੇਕਰ ਤੁਸੀਂ ਆਪਣੀ Medi-Cal ਕਵਰੇਜ ਗੁਆ ਲੈਂਦੇ ਹੋ ਅਤੇ ਤੁਹਾਡੀ ਕਵਰੇਜ 1 ਜਨਵਰੀ, 2024 ਤੋਂ ਪਹਿਲਾਂ ਬਹਾਲ ਨਹੀਂ ਹੁੰਦੀ ਹੈ, ਤਾਂ ਤੁਹਾਨੂੰ ਇੱਕ Medi-Cal ਸਿਹਤ ਪਲਾਨ ਚੁਣਨ ਲਈ ਕੁਝ ਕਰਨ ਦੀ ਲੋੜ ਨਹੀਂ ਹੈ। ਜੇਕਰ ਤੁਹਾਨੂੰ Medi-Cal ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਤੁਹਾਡੀ ਕਵਰੇਜ ਖਤਮ ਹੋ ਗਈ ਹੈ ਤਾਂ ਆਪਣੇ ਕਵਰੇਜ ਵਿਕਲਪਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ "ਆਪਣੀ ਕਵਰੇਜ ਦੁਬਾਰਾ ਸ਼ੁਰੂ ਕਰੋ (Restart Your Coverage)" ਵੈੱਬਪੇਜ ਦੇਖੋ।

### ਮੈਂ ਆਪਣੇ Medi-Cal ਸਿਹਤ ਪਲਾਨਾਂ ਬਾਰੇ ਹੋਰ ਕਿੱਥੋਂ ਜਾਣ ਸਕਦਾ/ਸਕਦੀ ਹਾਂ?

Medi-Cal ਪ੍ਰਬੰਧਿਤ ਦੇਖਭਾਲ ਸਿਹਤ ਪਲਾਨ ਵਿਕਲਪਾਂ ਅਤੇ ਫਾਇਦਿਆਂ ਬਾਰੇ ਹੋਰ ਜਾਣੋ।

### ਮੈਂ ਕਿੱਥੋਂ ਮਦਦ ਅਤੇ ਹੋਰ ਜਾਣਕਾਰੀ ਲੈ ਸਕਦਾ/ਸਕਦੀ ਹਾਂ?

MCP ਦੇ ਸਾਨੂੰ ਸੰਪਰਕ ਕਰੋ ਵੈੱਬਪੇਜ 'ਤੇ ਜਾਓ।